## <u>ਜਮਾਤ- ਦੱਸਵੀਂ</u>

**<u>ਵਿਸ਼ਾ- ਵਿਗਿਆਨ</u>** **ਕੁੱਲ ਅੰਕ-70**

**ਭਾਗ-ੳ**

**ਪ੍ਰਸ਼ਨ 1 ਤੋਂ 5 ਤੱਕ ਸਾਰੇ ਪ੍ਰਸ਼ਨ 1 ਅੰਕ ਦੇ ਹਨ।**

(1) ਮੈਗਨੀਸ਼ੀਅਮ ਰਿੱਬਨ ਨੂੰ ਹਵਾ ਵਿੱਚ ਜਲਾਉਣ ਨਾਲ ਕਿਹੜਾ ਪਦਾਰਥ ਬਣਦਾ ਹੈ?

(2) ਚਿੱਤਰ ਵਿੱਚ ਦਰਸਾਏ ਗਏ ਅੰਗ ਕਿਸ ਕਿਸਮ ਦੇ ਅੰਗਾਂ ਨੂੰ ਦਰਸਾਉਂਦੇ ਹਨ?




(3) ਚਿੱਤਰ ਵਿੱਚ ਦਰਸਾਏ ਗਏ ਯੰਤਰ ਵਿੱਚ ਕਿਸ ਕਿਸਮ ਦਾ ਦਰਪਣ ਵਧੇਰੇ ਢੁੱਕਵਾਂ ਹੁੰਦਾ ਹੈ?

ClassResult.in




(4) ਚਿੱਤਰ ਵਿੱਚ ਕਿਹੜੀ ਪ੍ਰਕਾਸ਼ੀ ਕਿਰਿਆ ਦਰਸਾਈ ਗਈ ਹੈ?



(5) ਹੇਠ ਲਿਖੇ ਸਮੀਕਰਨ ਵਿੱਚ ਖਾਲੀ ਥਾਵਾਂ ਭਰੋ।

?

ਦੀ ਉਪਸਥਿਤੀ

$2AgCl_{(s)}$ --------→ $2Ag_{(s)} + Cl_2(g)$

(ਸਫੈਦ ਰੰਗ) ?

ਰੰਗ

------

## ਭਾਗ-ਅ

ਪ੍ਰਸ਼ਨ 6 ਤੋਂ 15 ਤੱਕ ਸਾਰੇ ਪ੍ਰਸ਼ਨ ਦੋ ਅੰਕਾਂ ਦੇ ਹਨ।

(6) ਪੌਦਾ ਹਾਰਮੋਨ ਕੀ ਹਨ? ਕਿਸੇ ਦੋ ਦੇ ਨਾਮ ਲਿਖੋ।

(7) ਭੋਜਨ ਦੇ ਪਾਚਨ ਵਿੱਚ ਲਾਰ ਦੀ ਕੀ ਮਹੱਤਤਾ ਹੈ?

(8) 2m ਫੋਕਸ ਦੂਰੀ ਵਾਲੇ ਕਿਸੇ ਉੱਤਲ ਲੈਨਜ਼ ਦੀ ਸ਼ਕਤੀ ਗਿਆਤ ਕਰੋ। ਲੈਂਨਜ਼ ਦੀ ਸ਼ਕਤੀ ਦੀ ਇਕਾਈ ਵੀ ਲਿਖੋ।

(9) ਆਵਰਤੀ ਸਾਰਣੀ ਦੇ ਗੱਰੁਪ ਵਿੱਚ ਤੱਤਾਂ ਦੇ ਧਾਤਵੀ ਸੁਭਾਅ ਤੇ ਕੀ ਪ੍ਰਭਾਵ ਪੈਂਦਾ ਹੈ?

(10) ਪਲਾਸਟਰ ਆਫ ਪੈਰਿਸ ਨੂੰ ਨਮੀ ਰੋਧਕ ਬਰਤਨਾਂ ਵਿੱਚ ਰੱਖਣਾ ਚਾਹੀਦਾ ਹੈ। ਕਿਉਂ?

(11) ਹਾਈਡਰੋਜਨੀਕਰਨ ਤੋਂ ਕੀ ਭਾਵ ਹੈ? ਇਸ ਦਾ ਉਦਯੋਗ ਵਿੱਚ ਕੀ ਉਪਯੋਗ ਹੈ?

ClassResult.in

(12) ਚਿੱਤਰ ਵਿੱਚ ਦਰਸਾਏ PH ਪੇਪਰ 'ਤੇ ਨਿੰਬੂ ਦੇ ਰਸ ਦਾ PH=2.2 ਅਤੇ ਮਿਲਕ ਆਫ ਮੈਗਨੀਸ਼ੀਅਮ ਦਾ PH=10 ਹੈ। ਇਸ ਤੋਂ ਕੀ ਭਾਵ ਹੈ?



(13) ਚਿੱਤਰ ਵਿੱਚ ਦਰਸਾਏ ਗਏ ਚੁੰਬਕ ਦੇ ਦੁਆਲੇ ਵਿਖਾਈਆਂ ਗਈਆਂ ਰੇਖਾਵਾਂ ਨੂੰ ਕੀ ਕਿਹਾ ਜਾਂਦਾ ਹੈ? ਇਨਾਂ ਦੇ ਕੋਈ ਦੋ ਗੁਣ ਵੀ ਦੱਸੋ।



(14) ਇੱਕ ਪਰਮਾਣੂ ਦੀ ਇਲੈਕਟ੍ਰਾਨੀ ਤਰਤੀਬ 2,8,7 ਹੈ।

1. ਇਸ ਤੱਤ ਦਾ ਪਰਮਾਣੂ ਅੰਕ ਕੀ ਹੈ? ਤੱਤ ਦਾ ਨਾਮ ਵੀ ਦੱਸੋ।
2. ਹੇਠ ਲਿਖਿਆ ਵਿੱਚੋਂ ਕਿਸ ਨਾਲ ਇਸ ਦੀ ਰਸਾਇਣਿਕ ਸਮਾਨਤਾ ਹੋਵੇਗੀ?

N(7), F(9), P(15), Ar(18)

(15) ਚਿੱਤਰ ਵਿੱਚ ਪੌਦੇ ਦੁਆਰਾ ਕਿਸ ਤਰ੍ਹਾਂ ਦਾ ਅਨੁਵਰਤਨ ਦਰਸਾਇਆ ਜਾ ਰਿਹਾ ਹੈ? ਇਸ ਦੀ ਪਰਿਭਾਸ਼ਾ ਵੀ ਦਿਓ।



## ਭਾਗ-ਙ

ਪ੍ਰਸ਼ਨ 16 ਤੋਂ 25 ਤੱਕ ਸਾਰੇ ਪ੍ਰਸ਼ਨ 3 ਅੰਕਾਂ ਦੇ ਹਨ।

(16) ਓਜੋਨ ਪਰਤ ਕੀ ਹੈ? ਇਸ ਦੀ ਹਾਨੀ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਇਸ ਹਾਨੀ ਨੂੰ ਘੱਟ ਕਰਨ ਲਈ ਕੀ ਕਦਮ ਉਠਾਏ ਗਏ ਹਨ?

ClassResult.in

(17) ਚੰਗੇ ਬਾਲਣ ਦੀਆਂ ਕੀ ਵਿਸ਼ੇਸ਼ਤਾਵਾਂ ਹੁੰਦੀਆਂ ਹਨ?

(18) 3R ਦੇ ਸਿਧਾਂਤ ਤੋਂ ਤੁਸੀਂ ਕੀ ਸਮਝਦੇ ਹੋ? ਵਰਣਨ ਕਰੋ।

(19) ਮਨੁੱਖੀ ਮਲ ਤਿਆਗ ਪ੍ਰਣਾਲੀ ਦੇ ਚਿੱਤਰ ਨੂੰ ਲੇਬਲ ਕਰੋ।



(20) ਨਿਕਟ ਦ੍ਰਿਸ਼ਟੀ ਦੋਸ਼ ਕੀ ਹੁੰਦਾ ਹੈ? ਇਸ ਦੋਸ਼ ਵਾਲੇ ਵਿਅਕਤੀ ਦੀ ਅੱਖ ਵਿੱਚ ਵਸਤੂ ਦਾ ਪ੍ਰਤਿਬਿੰਬ ਕਿੱਥੇ ਬਣਦਾ ਹੈ ਅਤੇ ਇਹ ਦੋਸ਼ ਕਿਸ ਕਿਸਮ ਦੇ ਲੈਨਜ਼ ਨਾਲ ਠੀਕ ਕੀਤਾ ਜਾ ਸਕਦਾ ਹੈ?

(21) ਮਨੁੱਖ ਵਿੱਚ ਬੱਚੇ ਦਾ ਲਿੰਗ ਨਿਰਧਾਰਣ ਕਿਵੇਂ ਹੁੰਦਾ ਹੈ?

(22) ਚਿੱਤਰ ਵਿੱਚ ਕਿਸ ਕਿਸਮ ਦੀ ਰਸਾਇਣਿਕ ਕਿਰਿਆ ਦਰਸਾਈ ਗਈ ਹੈ? ਇਸ ਕਿਰਿਆ ਦੀ ਪਰਿਭਾਸ਼ਾ ਉਦਾਹਰਨ ਸਹਿਤ ਲਿਖੋ।




(23) ਚਿੱਤਰ ਵਿੱਚ ਦਰਸਾਈ ਰਚਨਾ ਨੂੰ ਕੀ ਕਿਹਾ ਜਾਂਦਾ ਹੈ? ਇਸ ਦੇ ਦੋ ਸਿਰੇ ਕੀ ਦਰਸਾਉਂਦੇ? ਇਹ ਰਚਨਾ ਕਿਸ ਕਿਰਿਆ ਵਿੱਚ ਬਣਦੀ ਹੈ?




ClassResult.in

(24) ਚਿੱਤਰ ਵਿੱਚ ਕਿਸ ਨਿਯਮ ਨੂੰ ਦਰਸਾਇਆ ਗਿਆ ਹੈ? ਨਿਯਮ ਦੀ ਪਰਿਭਾਸ਼ਾ ਦਿਓ। ਇਸ ਦਾ ਉਪਯੋਗ ਕਿਸ ਯੰਤਰ ਵਿੱਚ ਕੀਤਾ ਜਾਂਦਾ ਹੈ?



(25) ਚਿੱਤਰ ਵਿੱਚ ਪ੍ਰਕਾਸ਼ ਦਾ ਕਿਹੜਾ ਵਰਤਾਰਾ ਦਰਸਾਇਆ ਗਿਆ ਹੈ? ਇਸ ਦੀ ਪਰਿਭਾਸ਼ਾ ਦਿਓ ਅਤੇ ਇਸ ਦੇ ਨਿਯਮ ਵੀ ਲਿਖੋ।




## ਭਾਗ-ਸ

**ਪ੍ਰਸ਼ਨ 26 ਤੋਂ 28 ਤੱਕ ਸਾਰੇ ਪ੍ਰਸ਼ਨ 5 ਅੰਕਾਂ ਦੇ ਹਨ।**

26. ੳ) ਸੋਡੀਅਮ ਅਤੇ ਪੋਟਾਸ਼ੀਅਮ ਨੂੰ ਮਿੱਟੀ ਦੇ ਤੇਲ ਵਿੱਚ ਡੁਬੋ ਕੇ ਕਿਉਂ ਰੱਖਿਆ ਜਾਂਦਾ ਹੈ?

ਅ) ਜਦੋਂ ਤੁਸੀਂ ਜ਼ਿੰਕ ਨੂੰ ਆਇਰਨ ਸਲਫੇਟ ਦੇ ਘੋਲ ਵਿੱਚ ਪਾਉਂਦੇ ਹੋ ਤਾਂ ਕੀ ਵਾਪਰਦਾ ਹੈ?ਰਸਾਇਣਿਕ ਪ੍ਰਤੀਕਿਰਿਆ ਲਿਖੋ।

ClassResult.in

ਜਾਂ

ਖੋਰਨ ਤੋਂ ਕੀ ਭਾਵ ਹੈ? ਧਾਤਾਂ ਨੂੰ ਖੋਰਨ ਤੋਂ ਬਚਾਉਣ ਲਈ ਤੁਸੀਂ ਕੀ ਕਰੋਗੇ?

27. ਲਿੰਗੀ ਪ੍ਰਜਣਨ ਅਤੇ ਅਲਿੰਗੀ ਪ੍ਰਜਣਨ ਵਿੱਚਕਾਰ ਕੀ ਅੰਤਰ ਹੈ?

ਜਾਂ

ੳ) ਪਰਾਗਣ ਕਿਰਿਆ ਨਿਸ਼ੇਚਨ ਨਾਲੋਂ ਕਿਵੇਂ ਭਿੰਨ ਹੈ?

ਅ) ਫੁੱਲ ਦੇ ਨਰ ਅਤੇ ਮਾਦਾ ਜਣਨ ਅੰਗਾਂ ਦਾ ਲੇਬਲ ਚਿੱਤਰ ਬਣਾਓ।

28. 4 Ω, 8 Ω, 10 Ω ਅਤੇ 20 Ω ਪ੍ਰਤਿਰੋਧ ਦੀਆਂ ਚਾਰ ਕੁੰਡਲੀਆਂ ਨੂੰ ਜੋੜਨ ਤੇ

1. ਅਧਿਕਤਮ 2. ਨਿਊਨਤਮ ਪ੍ਰਤਿਰੋਧ ਕਿਨ੍ਹਾਂ ਅਤੇ ਕਿਸ ਤ੍ਰਰਾਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਜਾਂ

ਕਿਸੇ ਚਾਲਕ ਦੇ ਪ੍ਰਤੀਰੋਧ ਤੋਂ ਕੀ ਭਾਵ ਹੈ? ਕਿਸੇ ਚਾਲਕ ਦਾ ਪ੍ਰਤੀਰੋਧ ਕਿਨ੍ਹਾਂ ਕਾਰਕਾਂ ‘ਤੇ ਨਿਰਭਰ ਕਰਦਾ ਹੈ?

| Blue Print | | | | | |
|---|---|---|---|---|---|
| Class- 10th | | | | | |
| Paper-1 | | | | | |
| **Chapters** | **Marks** | | | | **Total** |
| | **1** | **2** | **3** | **5** | |
| **1** | 2 | .. | 1 | .. | 5 |
| **2** | .. | 2 | .. | .. | 4 |
| **3** | .. | .. | .. | 1 | 5 |
| **4** | .. | 1 | 1 | .. | 5 |
| **5** | .. | 2 | .. | .. | 4 |
| **6** | .. | 1 | 1 | .. | 5 |
| **7** | .. | 2 | .. | .. | 4 |
| **8** | .. | .. | .. | 1 | 5 |
| **9** | 1 | .. | 1 | .. | 4 |
| **10** | .. | 1 | 1 | .. | 5 |
| **11** | 1 | .. | 1 | .. | 4 |
| **12** | .. | .. | .. | 1 | 5 |
| **13** | .. | 1 | 1 | .. | 5 |
| **14** | 1 | .. | 1 | .. | 4 |
| **15** | .. | .. | 1 | .. | 3 |
| **16** | .. | .. | 1 | .. | 3 |
| | 5 | 20 | 30 | 15 | **70** |

ClassResult.in